# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਪਿੰਡ ਟੋਡਰਵਾਲ ਵਿਖੇ ਡਾ.ਭੀਮ ਰਾਓ ਅੰਬੇਡਕਰ, ਮਹਾਤਮਾ ਜੋਤੀ ਰਾਓ ਫੂਲੇ ਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼





ਨਾਭਾ 21 ਅਪ੍ਰੈਲ : ਨਾਭਾ ਬਲਾਕ ਦੇ ਪਿੰਡ ਟੋਡਰਵਾਲ ਵਿਖੇ ਜਬਰ ਜੁਲਮ ਵਿਰੋਧੀ ਫਰੰਟ ਤੇ ਡਾਕਟਰ ਅੰਬੇਡਕਰ ਵੈਲਫੇਅਰ ਕਲੱਬ ਟੋਡਰਵਾਲ ਵੱਲੋਂ ਖਾਲਸਾ ਸਾਜਨਾ ਦਿਵਸ ,ਮਹਾਤਮਾ ਜੋਤੀ ਫੂਲੇ ਜਨਮ ਦਿਵਸ, ਡਾਕਟਰ ਭੀਮ ਰਾਓ ਅੰਬੇਡਕਰ ਜਨਮ ਦਿਵਸ ਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸਮੂਲੀਅਤ ਕੀਤੀ ਸਮਾਜਿਕ ਆਗੂਆਂ ਨੇ ਆਪਣੇ ਵਿਚਾਰ ਰੱਖੇ ਅਤੇ ਧਾਰਮਿਕ ਆਗੂਆਂ ਨੇ ਖਾਲਸਾ ਸਾਜਨਾ ਦਿਵਸ ਅਤੇ ਗਿਆਨੀ ਦਿੱਤ ਸਿੰਘ ਜੀ ਬਾਰੇ ਭਰਪੂਰ ਚਾਨਣਾ ਪਾਇਆ ਇਸ ਸਮਾਜਿਕ ਸੰਮੇਲਨ ਵਿੱਚ ਪਹੁੰਚੇ ਉਚੇਰੇ ਤੌਰ ਤੇ ਪਹੁੰਚੇ ਡਾਕਟਰ ਰੀਤੂ ਸਿੰਘ ਜੀ ਅਤੇ ਬਾਬਾ ਰਾਜ ਰਾਜਾ ਰਾਜ ਸਿੰਘ ਨੇ ਹਾਜ਼ਰੀਨ ਵਿਅਕਤੀਆਂ ਨੂੰ ਸੰਬੋਧਨ ਕੀਤਾ ਡਾਕਟਰ ਰਿਤੂ ਸਿੰਘ ਨੇ ਕਿਹਾ ਕਿ ਹੁਣ ਤੱਕ ਸਰਕਾਰਾਂ ਨੇ ਗਰੀਬ ਅਤੇ ਕਮਜ਼ੋਰ ਵਰਗ ਅਤੇ ਅਨਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦੇ ਵਿਕਾਸ ਬਾਰੇ ਕੋਈ ਧਿਆਨ ਨਹੀਂ ਦਿੱਤਾ ਸਗੋਂ ਸਰਕਾਰਾਂ ਗਰੀਬਾਂ ਨੂੰ ਹੋਰ ਗਰੀਬ ਕਰਕੇ ਲਾਚਾਰ ਤੇ ਬੇਵਸ ਬਣਾ ਰਹੀਆਂ ਹਨ ਬਾਬਾ ਰਾਜਾ ਰਾਜ ਸਿੰਘ ਨੇ ਕਿਹਾ ਕਿ ਸਿੱਖ ਧਰਮ ਵਿੱਚ ਮਨੂੰਵਾਦੀ ਪ੍ਰਵਿਰਤੀ ਦੇ ਲੋਕਾਂ ਦਾ ਬੋਲ ਬਾਲਾ ਹੈ ਜਿਸ ਕਾਰਨ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਸਿੱਖ ਵਿਅਕਤੀਆਂ ਨੂੰ ਹਾਸੀਏ ਤੇ ਧੱਕਿਆ ਜਾ ਰਿਹਾ ਹੈ ਇਸ ਸਮਾਜਿਕ ਸੰਮੇਲਨ ਨੂੰ ਜਬਰ ਜੁਲਮ ਵਿਰੋਧੀ ਫਰੰਟ ਦੇ ਸੂਬਾ ਪ੍ਰਧਾਨ ਰਾਜ ਸਿੰਘ ਟੋਡਰਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਬਰ ਦਾ ਸਿਕਾਰ ਹੋਏ ਗਰੀਬ ਅਤੇ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦੀ ਸਰਕਾਰ ਵੱਲੋਂ ਕੋਈ ਦਲੀਲ ਅਪੀਲ ਨਾ ਸੁਣ ਕੇ ਉਹਨਾਂ ਨੂੰ ਮਿਲਣ ਵਾਲੇ ਇਨਸਾਫ ਵਿੱਚ ਅੜਿੱਕਾ ਲਾਇਆ ਜਾ ਰਿਹਾ ਹੈ ਗਰੀਬਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਜਿਸ ਕਾਰਨ ਗਰੀਬਾਂ ਦਾ ਸਰਕਾਰ ਤੋਂ ਵਿਸ਼ਵਾਸ ਉੱਠਦਾ ਜਾ ਰਿਹਾ ਹੈ ਹੋਰਨਾਂ ਤੋਂ ਇਲਾਵਾ ਇਸ ਸਮਾਜਿਕ ਸੰਮੇਲਨ ਨੂੰ ਹੈਡਮਾਸਟਰ ਅਮਰ ਸਿੰਘ, ਭਾਨ ਸਿੰਘ ਜੱਸੀ ਪੇਧਨੀ,ਮਾਸਟਰ ਜਗਤਾਰ ਸਿੰਘ ,ਬੇਅੰਤ ਸਿੰਘ ਪੰਚ, ਜਗਦੀਪ ਸਿੰਘ ਸਿਰਥਲਾ, ਗਿਆਨੀ ਅੰਮ੍ਰਿਤ ਸਿੰਘ , ਦਲਵੀਰ ਸਿੰਘ ਛੀਟਾਂਵਾਲਾ, ਬਹੁਤ ਸਾਰੇ ਤੋਂ ਇਲਾਵਾ ਬਹੁਤ ਸਾਰੇ ਆਗੂਆਂ ਨੇ ਸੰਬੋਧਨ ਕੀਤਾ ਬੱਚਿਆਂ ਵੱਲੋਂ ਕੋਰੀਓਗਰਾਫੀਆਂ ਪੇਸ ਕੀਤੀਆਂ ਗਈਆਂ, ਭੋਲੀ ਗੋਬਿੰਦਪੁਰਾ ਵੱਲੋਂ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ਗੁਰੂ ਦਾ ਲੰਗਰ ਅਤੁੱਟ ਵਰਤਿਆ। ਬੱਚਿਆਂ ਅਤੇ ਆਗੂਆਂ ਨੂੰ ਸਨਮਾਨ ਚਿੰਨ ਦੇ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ

## ਕੈਨੇਡਾ ਟੈਬਲੋਇਡ ਦਾ 'ਵੈਸਾਖੀ ਵਿਸ਼ੇਸ਼ ਅੰਕ' ਸ਼ਾਨੋ-ਸ਼ੌਕਤ ਨਾਲ ਰਿਲੀਜ਼: ਰਾਜਨੀਤਿਕ ਅਤੇ ਸਮਾਜਿਕ ਹਸਤੀਆਂ ਨੇ ਭਰੀ ਹਾਜ਼ਰੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ







ਸਰੀ, 21 ਅਪ੍ਰੈਲ :ਕੈਨੇਡਾ ਦੇ ਪ੍ਰਮੁੱਖ ਮੀਡੀਆ ਅਦਾਰੇ 'ਕੈਨੇਡਾ ਟੈਬਲੋਇਡ' ਵੱਲੋਂ ਅਪ੍ਰੈਲ 2026 ਦਾ ਵੈਸਾਖੀ ਵਿਸ਼ੇਸ਼ ਅੰਕ ਬੀਤੇ ਦਿਨੀਂ ਇੱਕ ਪ੍ਰਭਾਵਸ਼ਾਲੀ ਅਤੇ ਸ਼ਾਨਦਾਰ ਸਮਾਰੋਹ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਸਮਾਗਮ ਨੇ ਜਿੱਥੇ ਵਿਸਾਖੀ ਦੀਆਂ ਖੁਸ਼ੀਆਂ ਨੂੰ ਦੂਣਾ ਕੀਤਾ, ਉੱਥੇ ਹੀ ਮੈਗਜ਼ੀਨ ਦੇ ਸਮਾਜ ਨਾਲ ਡੂੰਘੇ ਅਤੇ ਮਜ਼ਬੂਤ ਰਿਸ਼ਤੇ ਦੀ ਇੱਕ ਮਿਸਾਲ ਵੀ ਪੇਸ਼ ਕੀਤੀ। ਸਮਾਗਮ ਵਿੱਚ ਰਾਜਨੀਤਿਕ, ਉਦਯੋਗਿਕ ਅਤੇ ਮੀਡੀਆ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ, ਜਿਹਨਾਂ ਵਿਚ ਵਿਸ਼ੇਸ਼ ਤੌਰ 'ਤੇ ਸੁੱਖ ਧਾਲੀਵਾਲ: ਸੰਸਦ ਮੈਂਬਰ (ਸਰੀ-ਨਿਊਟਨ), ਜਗਰੂਪ ਬਰਾੜ: ਮੰਤਰੀ ਅਤੇ ਵਿਧਾਇਕ (ਸਰੀ-ਫਲੀਟਵੁੱਡ), ਸਟੀਵ ਕੂਨਰ: ਵਿਧਾਇਕ (ਰਿਚਮੰਡ-ਕਵੀਨਜ਼ਬੋਰੋ) ਅਤੇ ਪੀਟਰ ਮਿਲੋਬਾਰ: ਵਿਧਾਇਕ (ਕਮਲੂਪਸ) ਸ਼ਾਮਲ ਸਨ।

ਸਥਾਨਕ ਪ੍ਰਸ਼ਾਸਨ ਅਤੇ ਸਾਬਕਾ ਪ੍ਰਤੀਨਿਧੀਆਂ ਵਿੱਚੋਂ ਸਰੀ ਸਿਟੀ ਕੌਂਸਲਰ ਲਿੰਡਾ ਐਨਿਸ ਅਤੇ ਮਾਈਕਲ ਬੋਸ ਅਤੇ ਸਾਬਕਾ ਵਿਧਾਇਕ ਮਾਈਕ ਸਟਾਰਚੁਕ ਨੇ ਵੀ ਆਪਣੀ ਹਾਜ਼ਰੀ ਨਾਲ ਸਮਾਗਮ ਦੀ ਸ਼ੋਭਾ ਵਧਾਈ। ਡੈਲਟਾ ਸ਼ਹਿਰ ਤੋਂ ਕੌਂਸਲਰ ਜੈਸੀ ਜੌਹਲ ਅਤੇ ਜੈਸੀ ਦੁਸਾਂਝ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੱਤਰਕਾਰੀ ਅਤੇ ਸਮਾਜਿਕ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਸੁਖਵਿੰਦਰ ਸਿੰਘ ਚੋਹਲਾ, ਹਰਪ੍ਰੀਤ ਕੌਰ ਜੋਸਨ, ਪ੍ਰੋ. ਸੀ. ਜੇ. ਸਿੱਧੂ ਅਤੇ ਡਾ. ਸੰਦੀਪ ਸਿੰਘ ਸੰਧੂ ਨੇ ਮੈਗਜ਼ੀਨ ਦੀ ਗੁਣਵੱਤਾ ਅਤੇ ਇਸ ਦੇ ਸਮਾਜਿਕ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਲੱਕੀ ਸੰਧੂ, ਸਤੀਸ਼ ਗੋਇਲ, ਨਵਲਪ੍ਰੀਤ ਰੰਗੀ, ਹਰਪ੍ਰੀਤ ਸਿੰਘ ਮਣਕਟਲਾ, ਅੰਮ੍ਰਿਤ ਪਾਲ ਸਿੰਘ ਢੋਟ ਅਤੇ ਗਗਨ ਨਾਹਲ ਵੀ ਇਸ ਮਾਣਮੱਤੇ ਪਲ ਦੇ ਗਵਾਹ ਬਣੇ।

ਇਸ ਵਿਸਾਖੀ ਅੰਕ ਦੀ ਖ਼ਾਸ ਖਿੱਚ ਨੋਬਲ ਐਜੂਕੇਸ਼ਨ ਗਰੁੱਪ ਦੀ ਟੀਮ ਰਹੀ, ਜਿਨ੍ਹਾਂ ਨੂੰ ਮੈਗਜ਼ੀਨ ਦੇ ਮੁੱਖ ਪੰਨੇ (ਕਵਰ ਪੇਜ) 'ਤੇ ਪ੍ਰਦਰਸ਼ਿਤ ਕਰਕੇ ਸਨਮਾਨਿਤ ਦਿੱਤਾ ਗਿਆ। ਵਿਸ਼ੂ ਮਹਿਤਾ ਆਪਣੇ ਸਾਥੀਆਂ ਜਗਦੀਪ ਕੈਲੇ, ਜਿੰਮੀ ਸ਼ਰਮਾ, ਅਤੇ ਸਤਵੀਰ ਕੌਰ ਜੱਸਰ ਦੇ ਨਾਲ ਵਿਸ਼ੇਸ਼ ਤੌਰ 'ਤੇ ਟੋਰਾਂਟੋ ਤੋਂ ਇਸ ਰਿਲੀਜ਼ ਸਮਾਗਮ ਵਿੱਚ ਪਹੁੰਚੇ, ਜੋ ਮੈਗਜ਼ੀਨ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਅਤੇ ਮਜ਼ਬੂਤ ਸਾਂਝ ਨੂੰ ਦਰਸਾਉਂਦਾ ਹੈ।

ਸਮਾਗਮ ਦੇ ਅਖੀਰ ਵਿੱਚ ਜਸਵਿੰਦਰ ਸਿੰਘ ਦਿਲਾਵਰੀ ਨੇ ਆਏ ਹੋਏ ਸਾਰੇ ਮਾਣਯੋਗ ਮਹਿਮਾਨਾਂ, ਸਿਆਸੀ ਆਗੂਆਂ, ਮੀਡੀਆ ਕਰਮੀਆਂ ਅਤੇ ਹਾਜਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ 'ਕੈਨੇਡਾ ਟੈਬਲੋਇਡ' ਭਵਿੱਖ ਵਿੱਚ ਵੀ ਸਮਾਜਿਕ ਮੁੱਦਿਆਂ ਅਤੇ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦਾ ਰਹੇਗਾ।

## ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ

### ਵਪਾਰੀਆਂ ਦੀਆਂ ਮੁਸ਼ਕਿਲਾਂ ਦਾ ਕੀਤਾ ਨਿਪਟਾਰਾ

### ਲੰਬਿਤ ਅਰਜ਼ੀਆਂ ਨੂੰ ਤੈਅ ਸਮੇਂ 'ਚ ਨਿਬੇੜਾ ਕਰਨ 'ਤੇ ਵੀ ਦਿੱਤਾ ਜ਼ੋਰ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 21 ਅਪ੍ਰੈਲ : ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਅੱਜ ਲੁਧਿਆਣਾ ਜ਼ਿਲ੍ਹੇ ਦੇ ਵਪਾਰੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਗਿਆ।



ਇਨ੍ਹਾਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸੰਯੁਕਤ ਸਕੱਤਰ, ਪੰਜਾਬ ਰਾਜਿੰਦਰ ਸਿੰਘ, ਜੋਨ ਸਕੱਤਰ ਸਾਹਿਲ ਅੱਗਰਵਾਲ, ਜ਼ਿਲ੍ਹਾ ਚੇਅਰਮੈਨ ਪਰਮਪਾਲ ਬਾਵਾ ਅਤੇ ਵਾਇਸ ਚੇਅਰਮੈਨ ਰੋਹਿਤ ਵਰਮਾ ਦੀ ਵੀ ਮਹੱਤਵਪੂਰਨ ਭੂਮਿਕਾ ਰਹੀ।

ਇਸ ਮੌਕੇ ਹਲਕਾ ਕੋਆਰਡੀਨੇਟਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਸ਼ਾਸ਼ਨ ਵੱਲੋਂ ਵਪਾਰੀਆਂ ਦੀ ਸਹੂਲਤ ਲਈ ਪਹਿਲਾਂ ਹੀ ਇੱਕ ਛੱਤ ਹੇਠ ਪ੍ਰਸ਼ਾਸ਼ਨਿਕ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਵਪਾਰੀਆਂ ਦਾ ਕੀਮਤੀ ਸਮੇਂ ਦੀ ਬੱਚਤ ਹੋ ਸਕੇ। ਉਨ੍ਹਾਂ ਦੁਹਰਾਇਆ ਕਿ ਸਾਰੇ ਵਿਭਾਗਾਂ ਨੂੰ ਇਹ ਯਕੀਨੀ ਬਣਾਉਣ ਲਈ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਵਪਾਰੀਆਂ ਦੀਆਂ ਅਰਜ਼ੀਆਂ 'ਤੇ ਬੇਲੋੜੇ ਇਤਰਾਜ਼ ਨਾ ਲਗਾਏ ਜਾਣ ਅਤੇ ਇਸ ਮਾਮਲੇ ਵਿੱਚ ਕੋਤਾਹੀ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਡਿਪਟੀ ਕਮਿਸ਼ਨਰ ਜੈਨ ਵੱਲੋਂ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਗਿਆ ਕਿ ਵਪਾਰੀਆਂ ਨੂੰ ਜੀ.ਐਸ.ਟੀ.ਰੀਫੰਡ, ਅਵਾਰਾ ਪਸ਼ੂਆਂ ਦੀ ਸਮੱਸਿਆ, ਬਿਜਲੀ ਦੀਆਂ ਲਟਕਦੀਆਂ ਤਾਰਾਂ, ਗਲੀਆਂ ਵਿੱਚ ਟਰੈਫਿਕ ਜਾਮ ਦੀ ਸਮੱਸਿਆ ਅਤੇ ਹੋਰ ਰੋਜਮਰਾ ਦੀਆਂ ਔਕੜਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਵਪਾਰੀਆਂ ਦੀਆਂ ਲੰਬਿਤ ਅਰਜ਼ੀਆਂ ਦਾ ਨਿਰਧਾਰਿਤ ਸਮਾਂ ਸੀਮਾ ਦੇ ਅੰਦਰ-ਅੰਦਰ ਹਰ ਹੀਲੇ ਨਿਬੇੜਾ ਕੀਤਾ ਜਾਵੇ।

## ਕੈਨੇਡਾ: ਸਰੀ ਵਿਚ ਵਿਸਾਖੀ ਨੂੰ ਸਮਰਪਿਤ ਇਤਿਹਾਸਕ ਨਗਰ ਕੀਰਤਨ;

### ਲੱਖਾਂ ਦੀ ਗਿਣਤੀ ਵਿਚ ਉਮੜਿਆ ਸ਼ਰਧਾ ਦਾ ਸੈਲਾਬ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 21 ਅਪ੍ਰੈਲ :ਕੈਨੇ ਡਾ ਦੇ ਸ਼ਹਿਰ ਸਰੀ ਦੀਆਂ ਸੜਕਾਂ ਉਸ ਵੇਲੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠੀਆਂ, ਜਦੋਂ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਸਾਲਾਨਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ਼ਰਧਾ, ਸਤਿਕਾਰ ਅਤੇ ਖਾਲਸਾਈ ਜਾਹੋ-ਜਲਾਲ ਦੇ ਇਸ ਸੰਗਮ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ, ਜਿਸ ਵਿਚ ਨੌਜਵਾਨਾਂ, ਬੱਚਿਆਂ ਅਤੇ ਬਜ਼ੁਰਗਾਂ ਦਾ ਉਤਸ਼ਾਹ ਦੇਖਣਯੋਗ ਸੀ।

ਇਸ ਅਲੌਕਿਕ ਨਗਰ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਅਰਦਾਸ ਉਪਰੰਤ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਹ ਕਾਫ਼ਲਾ 128 ਸਟਰੀਟ, 82 ਐਵੀਨਿਊ, 124 ਸਟਰੀਟ ਅਤੇ 76 ਐਵੀਨਿਊ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ। ਪੂਰੇ ਰੂਟ 'ਤੇ ਸੰਗਤਾਂ ਦਾ ਹੜ੍ਹ ਆਇਆ ਹੋਇਆ ਸੀ। ਵੱਖ-ਵੱਖ ਪੰਜਾਬੀ ਸਕੂਲਾਂ ਦੇ ਵਿਦਿਆਰਥੀ ਸ਼ਬਦ ਕੀਰਤਨ ਰਾਹੀਂ ਇਲਾਹੀ ਬਾਣੀ ਦਾ ਪ੍ਰਵਾਹ ਚਲਾ ਰਹੇ ਸਨ, ਜਦਕਿ ਗਤਕਾ ਅਖਾੜਿਆਂ ਦੇ ਸਿੰਘਾਂ ਨੇ ਜੰਗਜੂ ਕਲਾ ਦੇ ਜੌਹਰ ਦਿਖਾ ਕੇ ਸਭ ਨੂੰ ਹੈਰਾਨ ਕਰ ਦਿੱਤਾ।



ਸਰੀ ਦੀਆਂ ਸੜਕਾਂ 'ਤੇ ਅੱਜ ਪੰਜਾਬੀ ਸੱਭਿਆਚਾਰ ਅਤੇ ਸਿੱਖੀ ਦੀ 'ਵੰਡ ਛਕਣ' ਦੀ ਪ੍ਰੰਪਰਾ ਸਾਫ਼ ਝਲਕ ਰਹੀ ਸੀ। ਪੂਰੇ ਰੂਟ ਉੱਪਰ ਸਥਾਨਕ ਕਾਰੋਬਾਰੀਆਂ ਅਤੇ ਸ਼ਰਧਾਲੂਆਂ ਵੱਲੋਂ ਅਣਗਿਣਤ ਲੰਗਰ ਲਾਏ ਗਏ ਸਨ। ਜਲੇਬੀਆਂ, ਛੋਲੇ-ਭਟੂਰੇ, ਫਲ, ਜੂਸ ਅਤੇ ਵੱਖ-ਵੱਖ ਪਕਵਾਨਾਂ ਦਾ ਸੁਆਦ ਸੰਗਤਾਂ ਵੱਲੋਂ ਬੜੇ ਪ੍ਰੇਮ ਨਾਲ ਮਾਣਿਆ ਗਿਆ। ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਵਿਸ਼ੇਸ਼ ਸਟੇਜਾਂ ਸਜਾਈਆਂ ਗਈਆਂ ਸਨ, ਜਿੱਥੇ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਨੂੰ ਤਾਜ਼ਾ ਕੀਤਾ ਗਿਆ ਅਤੇ ਵੱਖ-ਵੱਖ ਰਾਜਸੀ ਤੇ ਧਾਰਮਿਕ ਆਗੂਆਂ ਨੇ ਸੰਬੋਧਨ ਕੀਤਾ।

ਨਗਰ ਕੀਰਤਨ ਦੌਰਾਨ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੀਆਂ ਕਈ ਪ੍ਰਮੁੱਖ ਰਾਜਸੀ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲੁਆਈ ਅਤੇ ਸਿੱਖ ਸੰਗਤਾਂ ਨੂੰ ਵਿਸਾਖੀ ਦੀਆਂ ਮੁਬਾਰਕਬਾਦ ਦਿੱਤੀਆਂ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸੰਗਤ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਿੱਖ ਭਾਈਚਾਰੇ ਦੇ ਕੈਨੇਡਾ ਦੀ ਤਰੱਕੀ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ।

ਫੈਡਰਲ ਸਰਕਾਰ ਦੇ ਨੁਮਾਇੰਦੇ ਵਜੋਂ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਅਤੇ ਰਣਦੀਪ ਸਿੰਘ ਸਰਾਏ ਨੇ ਵੀ ਵੱਖ ਵੱਖ ਸਟੇਜਾਂ ਉੱਪਰ ਆਪਣੇ ਸੰਬੋਧਨ ਰਾਹੀਂ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ। ਸਰੀ ਸਿਟੀ ਦੀ ਮੇਅਰ ਬਰਿੰਡਾ ਲੌਕ ਨੇ ਵੀ ਨਗਰ ਕੀਰਤਨ ਵਿੱਚ ਪਹੁੰਚ ਕੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਸੂਬਾਈ ਸਰਕਾਰ ਦੇ ਕਈ ਮੰਤਰੀਆਂ ਅਤੇ ਐਮ.ਐਲ.ਏਜ਼ (MLAs) ਨੇ ਵੀ ਕੇਸਰੀ ਦਸਤਾਰਾਂ ਅਤੇ ਸਕਾਰਫ਼ ਸਜਾ ਕੇ ਨਗਰ ਕੀਰਤਨ ਦੀ ਰੌਣਕ ਵਧਾਈ ਅਤੇ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨਾਲ ਮੁਲਾਕਾਤ ਕੀਤੀ।

ਧਾਰਮਿਕ ਸ਼ਰਧਾ ਦੇ ਨਾਲ-ਨਾਲ ਇਸ ਵਾਰ ਸਾਹਿਤਕ ਰੰਗ ਵੀ ਗੂੜ੍ਹਾ ਦੇਖਣ ਨੂੰ ਮਿਲਿਆ। 'ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ' ਵੱਲੋਂ ਹਰਦਮ ਸਿੰਘ ਮਾਨ ਦੀ ਅਗਵਾਈ ਹੇਠ ਲਾਈ ਗਈ ਪੰਜਾਬੀ ਪੁਸਤਕ ਪ੍ਰਦਰਸ਼ਨੀ ਨੇ ਲੋਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ। ਪੰਜਾਬੀ ਮਾਂ-ਬੋਲੀ ਅਤੇ ਸਾਹਿਤ ਨੂੰ ਪ੍ਰਫੁੱਲਿਤ ਕਰਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਹੋਈ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਪ੍ਰਦਰਸ਼ਨੀ ਵਿਚ ਪਹੁੰਚ ਕੇ ਕਿਤਾਬਾਂ ਖਰੀਦੀਆਂ। ਪੰਜਾਬੀ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਡਾ. ਸਾਧੂ ਸਿੰਘ (ਨਾਮਵਰ ਵਿਦਵਾਨ), ਸੁਰਿੰਦਰ ਚਾਹਲ (ਸੀਨੀਅਰ ਜਰਨਲਿਸਟ), ਡਾ. ਅਮਰਜੀਤ ਭੁੱਲਰ, ਕੁਲਵਿੰਦਰ ਕੁਲਾਰ, ਸੁਖਵਿੰਦਰ ਚੋਹਲਾ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਜਸਵੀਰ ਭਲੂਰੀਆ, ਪਰਮਿੰਦਰ ਸਵੈਚ ਅਤੇ ਹੋਰ ਕਈ ਸਾਹਿਤਕ ਹਸਤੀਆਂ ਨੇ ਹਾਜ਼ਰੀ ਭਰੀ ਅਤੇ ਹਰਦਮ ਸਿੰਘ ਮਾਨ ਦੇ ਇਨ੍ਹਾਂ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਮੌਕਿਆਂ 'ਤੇ ਪੁਸਤਕ ਪ੍ਰਦਰਸ਼ਨੀ ਲਾਉਣਾ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਇੱਕ ਉੱਤਮ ਤਰੀਕਾ ਹੈ।

ਸਰੀ ਪੁਲਿਸ, ਪ੍ਰਸ਼ਾਸਨ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਕੀਤੇ ਗਏ ਸੁਚਾਰੂ ਪ੍ਰਬੰਧਾਂ ਸਦਕਾ ਲੱਖਾਂ ਦੀ ਭੀੜ ਦੇ ਬਾਵਜੂਦ ਨਗਰ ਕੀਰਤਨ ਬੜੀ ਸ਼ਾਂਤੀਪੂਰਵਕ ਨੇਪਰੇ ਚੜ੍ਹਿਆ। ਟ੍ਰੈਫਿਕ ਅਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮਾਂ ਨੇ ਸ਼ਰਧਾਲੂਆਂ ਦੀ ਸਹੂਲਤ ਨੂੰ ਯਕੀਨੀ ਬਣਾਇਆ।

## ਪਿੰਡ ਰਾਊਵਾਲ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਦਾ 135ਵਾਂ ਜਨਮ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼




ਰਾਊਵਾਲ 21 ਅਪ੍ਰੈਲ : ਪਿੰਡ ਰਾਊਵਾਲ ਵਿਖੇ ਸਰਪੰਚ ਦਲਜੀਤ ਸਿੰਘ ਤੇ ਪੰਚ ਸੁਖਵਿੰਦਰ ਸਿੰਘ ਖਾਲਸਾ ਫੌਜੀ ਦੇ ਸਾਰਥਕ ਯਤਨਾਂ ਤਹਿਤ ਸਮੁੱਚੀ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ 135ਵਾਂ ਜਨਮ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਦੇ ਆਯੋਜਨ ਹਿੱਤ ਵਿਸ਼ੇਸ਼ ਤੌਰ 'ਤੇ ਟੀਮ ਵਿਜ਼ਨ ਦੇ ਮੈਂਬਰ ਲੈਕਚਰਾਰ ਬਲਦੇਵ ਸਿੰਘ ਸੁਧਾਰ, ਲੈਕਚਰਾਰ ਹਰਭਿੰਦਰ ਸਿੰਘ ਮੁੱਲਾਂਪੁਰ , ਲੈਕਚਰਾਰ ਭੁਪਿੰਦਰ ਸਿੰਘ ,ਮਾਸਟਰ ਬਲਦੇਵ ਸਿੰਘ ਮੁੱਲਾਂਪੁਰ ਨੇ ਇਕੱਤਰ ਲੋਕਾਂ ਦੇ ਇਕੱਠ ਨੂੰ ਸੰਬੋਧਿਤ ਹੁੰਦਿਆਂ ਆਖਿਆ ਕਿ ਡਾਕਟਰ ਭੀਮ ਰਾਓ ਅੰਬੇਡਕਰ ਨੇ ਆਪਣੇ ਜੀਵਨ ਦੌਰਾਨ ਤੰਗੀਆਂ ਤੁਰਸ਼ੀਆਂ ਅਤੇ ਜਾਤੀਵਾਦ ਦੇ ਭੇਦਭਾਵ ਨੂੰ ਸਹਿਣ ਕਰਨ ਦੇ ਬਾਵਜੂਦ ਉੱਚ ਦਰਜੇ ਦੀ ਸਿੱਖਿਆ ਗ੍ਰਹਿਣ ਕੀਤੀ ਅਤੇ ਭਾਰਤ ਦੇ ਸੰਵਿਧਾਨ ਨਿਰਮਾਣ ਵਿੱਚ ਉੱਘਾ ਯੋਗਦਾਨ ਪਾਇਆ ਤੇ ਦੇਸ਼ ਨੂੰ ਏਕੇ ਦੀ ਲੜੀ ਵਿੱਚ ਪਰੋਦਿਆਂ ਮੌਲਿਕ ਅਧਿਕਾਰ ,ਰਾਖਵਾਂਕਰਨ ਅਤੇ ਇਸਤਰੀਆਂ ਦੀ ਦਿਸ਼ਾ ਤੇ ਦਸ਼ਾ ਸੁਧਾਰਨ ਹਿੱਤ ਲਾਮਸਾਲ ਯੋਗਦਾਨ ਅਦਾ ਕੀਤਾ ਜਿਸ ਦੀ ਬਦੌਲਤ ਭਾਰਤ ਸਰਕਾਰ ਨੇ 1990 ਵਿੱਚ ਆਪ ਨੂੰ ਦੇਸ਼ ਦੇ ਸਰਵਉੱਚ ਸਿਵਲੀਅਨ ਅਵਾਰਡ ਭਾਰਤ ਰਤਨ ਨਾਲ ਸਨਮਾਨਿਤ ਕੀਤਾ। ਇਸ ਲਈ ਅਜਿਹੇ ਰਹਿਬਰਾਂ ਦੇ ਜਨਮ ਦਿਵਸ ਮਨਾਉਣਾ ਸਾਡਾ ਮੌਲਿਕ ਫਰਜ਼ ਬਣ ਜਾਂਦਾ ਹੈ। ਇਸ ਮੌਕੇ 'ਤੇ ਕਾਰਜਕਾਰੀ ਪ੍ਰਿੰਸੀਪਲ ਰਣਜੀਤ ਸਿੰਘ ਹਠੂਰ,ਦਲਜੀਤ ਸਿੰਘ ਖਾਲਸਾ ,ਸਾਬਕਾ ਫੌਜੀ ਕਸ਼ਮੀਰ ਸਿੰਘ,ਚਮਕੌਰ ਸਿੰਘ ਪਟਵਾਰੀ , ਡਾਕਟਰ ਜਗਜੀਤ ਸਿੰਘ , ਸ਼ਿੰਗਾਰਾ ਸਿੰਘ ਨਾਗਰ ਸਿੰਘ ਫੌਜੀ ਤੋਂ ਇਲਾਵਾ ਔਰਤਾਂ, ਮਰਦ ਤੇ ਬੱਚੇ ਹਾਜ਼ਰ ਸਨ ।ਪ੍ਰੋਗਰਾਮ ਦੀ ਸਮਾਪਤੀ ਉਪਰੰਤ ਬਾਬਾ ਸਾਹਿਬ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ।

# ਲਾਹੌਰ ਵਿੱਚ ਅੱਠ ਸਾਲ ਪਹਿਲਾਂ ਤਾਹਿਰਾ ਸਰਾ ਤੇ ਸਾਬਰ ਅਲੀ ਸਾਬਰ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਕੁਝ ਲੋਕਾਂ ਦੇ ਬੋਲ ਤੁਹਾਡੇ ਕੋਲ ਪਹਿਲਾਂ ਪਹੁੰਚਦੇ ਨੇ ਤੇ ਵਿਅਕਤੀ ਬਾਅਦ ਵਿੱਚ। ਇਹ ਦੋਵੇਂ ਸ਼ਾਇਰ ਟਿਊਬ ਰਾਹੀਂ ਮੇਰੇ ਕੋਲ ਪਹਿਲਾਂ ਪਹੁੰਚੇ ਪਰ ਮਿਲੇ 2018 ਵਿੱਚ।
ਫ਼ਖ਼ਰ ਜ਼ਮਾਂ ਸਾਹਿਬ ਦੀ ਅਗਵਾਈ ਹੇਠ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਡਾ. ਦੀਪਕ ਮਨਮੋਹਨ ਤੇ ਸਹਿਜਪ੍ਰੀਤ ਮਾਂਗਟ ਦੇ ਉਤਸ਼ਾਹ ਦੇਣ ਸਦਕਾ ਲਾਹੌਰ ਜਾਣ ਦਾ ਮੌਕਾ ਮਿਲਿਆ। ਮੇਰੇ ਨਾਲ ਉਜਾਗਰ ਸਿੰਘ ਕੰਵਲ ਭਾ ਜੀ ਤੇ ਪਿਆਰਾ ਸ਼ਾਇਰ ਮਨਜਿੰਦਰ ਧਨੋਆ ਵੀ ਸੀ।
ਦੋਵੇਂ ਸ਼ਾਇਰ ਇਸ ਕਾਨਫਰੰਸ ਵਿੱਚ ਸਾਡੇ ਡੈਲੀਗੇਸ਼ਨ ਦੇ ਜੀਆਂ ਨੂੰ ਉਚੇਚਾ ਮਿਲਣ ਆਏ ਸਨ।
ਤਾਹਿਰਾ ਸਰਾ ਦੇ ਕਲਾਮ ਦੀਆਂ ਕੁਝ ਵੰਨਗੀਆਂ ਤੇ ਆਧਾਰਿਤ ਇੱਕ ਨਿੱਕਾ ਜਿਹਾ ਲੇਖ ਮੈਂ ਏਧਰਲੇ ਪਰਚਿਆਂ/ਅਖਬਾਰਾਂ ਵਿੱਚ ਲਿਖ ਚੁੱਕਾ ਸਾਂ। ਦੋਵੇਂ ਬੜਾ ਹੁੱਬ ਕੇ ਮਿਲੇ।
ਤਾਹਿਰਾ ਸਰਾ ਦੀ ਮਹਿਕਵੰਤਾ ਹਾਸਾ ਏਦਾਂ ਸੀ ਜਿਵੇਂ ਭੱਠੀ ਤੇ ਕੜਾਹੀ ਵਿੱਚ ਮੱਕੀ ਦੇ ਫੁੱਲੇ ਇਕ ਦਮ ਇਕੱਠੇ ਖਿੜ ਜਾਣ। ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਪੰਜਾਬੀ ਜ਼ਬਾਨ ਦੀ ਬੇਕਦਰੀ ਦਾ ਦਰਦ ਵੀ ਝਲਕਿਆ।
ਸਾਬਰ ਅਲੀ ਸਾਬਰ ਬਾਬਾ ਬੁੱਲ੍ਹੇ ਸ਼ਾਹ ਦੇ ਪਿੰਡ ਪਾਂਡੋ ਕੀ (ਕਸੂਰ)ਦਾ ਜੰਮ ਪਲ ਹੈ। ਉੱਥੇ ਹੀ ਰਹਿੰਦਾ ਹੈ। ਤਿੰਨੇ ਦਿਨ ਪਿੰਡੋਂ ਹੀ ਆਉਂਦਾ ਰਿਹਾ। ਰਾਤੀਂ ਪਰਤ ਜਾਂਦਾ ਚੁੱਪ ਚੁਪੀਤਾ ਬੰਦਾ। ਕਵਿਤਾ ਵਿੱਚ ਲਾਵੇ ਦਾ ਦਰਿਆ ਹੈ ਉਹ।
ਦੋਹਾਂ ਦੀ ਤਸਵੀਰ ਸਾਹਮਣੇ ਆ ਗਈ ਤਾਂ ਮੈਂ ਸੋਚਿਆ ਕਿ ਕਿਉਂ ਨਾ ਤੁਹਾਡੇ ਨਾਲ ਇਨ੍ਹਾਂ ਦੀ ਬਾਤ ਸਾਂਝੀ ਕਰਾਂ।
ਸਾਬਰ ਅਲੀ ਸਾਬਰ ਦੀ ਜਗਤ ਪ੍ਰਸਿੱਧ ਕਵਿਤਾ ਤੁਸੀਂ ਵੀ ਪੜ੍ਹੋ।



ਰੱਬਾ ਤੇਰੇ ਹੁਕਮ ਬਿਨਾਂ ਜੇ....

ਰੱਬਾ ਤੇਰੇ ਹੁਕਮ ਬਿਨਾਂ ਜੇ
ਪੱਤਾ ਵੀ ਨਹੀਂ ਹਿੱਲਦਾ
ਕੀ ਸਮਝਾਂ ਫਿਰ ਹਰ ਮਾੜੇ ਤੇ
ਤਗੜੇ ਪਿੱਛੇ ਤੂੰ ਏਂ?
ਲੱਗਦੇ ਪਏ ਨੇ ਜਿਹੜੇ ਸਾਨੂੰ
'ਰਗੜੇ ਪਿੱਛੇ ਤੂੰ ਏਂ?
ਮਸਜਿਦ ਮੰਦਿਰ ਤੇ ਗਿਰਜੇ
ਦੇ ਝਗੜੇ ਪਿੱਛੇ ਤੂੰ ਏਂ?
ਏਨੇ ਖ਼ੂਨ ਖ਼ਰਾਬੇ ਦੇ ਵਿਚ
ਤੈਨੂੰ ਕੀਹ ਏ ਮਿਲਦਾ?
ਰੱਬਾ ਤੇਰੇ ਹੁਕਮ ਬਿਨਾਂ
ਜੇ ਪੱਤਾ ਵੀ ਨਹੀਂ ਹਿੱਲਦਾ

ਰੱਬਾ ਬੇਸ਼ੱਕ ਜੱਗ ਦੀ ਹਰ ਇਕ
ਸ਼ੈਅ ਦਾ ਮਾਲਿਕ ਤੂੰ ਏਂ,
ਤੇਰੀ ਸ਼ੈਅ ਦਾ ਏਥੇ ਮਾਲਿਕ
ਬਣਦਾ ਜਿਹੜਾ ਕੀ ਏ?
ਉਲਟਾ ਕਾਫ਼ਿਰ ਕਹਿੰਦੇ ਜੇ
ਮੈਂ ਦੱਸਨਾਂ ਕਿਹੜਾ ਕੀ ਏ
ਤੂੰ ਕਾਦਿਰ ਏਂ ਕਰ ਦੇਵੇਂ
ਜੇ ਸਾਂਝਾ ਵਿਹੜਾ ਕੀ ਏ?
ਮਲਕੀਅਤ ਦੇ ਰੌਲੇ ਕਿਉਂ
ਜੇ ਸਭ ਦਾ ਖ਼ਾਲਿਕ ਤੂੰ ਏਂ
ਰੱਬਾ ਬੇਸ਼ੱਕ ਜੱਗ ਦੀ ਹਰ
ਇਕ ਸ਼ੈਅ ਦਾ ਮਾਲਿਕ ਤੂੰ ਏਂ,
ਰੱਬਾ ਕਿੱਥੇ ਤੇਰਾ ਸੱਤਰ
ਮਾਂਵਾਂ ਵਾਲਾ ਪਿਆਰ?
ਜੇ ਕਰ ਵੇਖ ਰਿਹਾਂ ਏਂ ਤੇਰੀ
ਕਿਉਂ ਨਹੀਂ ਨਿੱਕਲੀ ਚੀਕ?
ਮੁੱਲਾ ਆਖੇ ਵੈਰੀ ਤੇਰੇ
ਨਾਂ ਨੂੰ ਲਾਉਂਦਾ ਏ ਲੀਕ
ਇਹਦਾ ਮਤਲਬ ਤਾਕਤਵਰ ਏ
ਤੈਥੋਂ ਤੇਰਾ ਸ਼ਰੀਕ?
ਆਪਣੇ ਵੈਰੀ ਲਈ ਕਿਉਂ ਨਹੀਂ
ਤੂੰ ਜੱਬਾਰ ਕੁਹਾਰ?
ਰੱਬਾ ਕਿੱਥੇ ਤੇਰਾ ਸੱਤਰ
ਮਾਂਵਾਂ ਵਾਲਾ ਪਿਆਰ।

ਤਾਹਿਰਾ ਸਰਾ ਦੀ ਪੰਜਾਬੀ ਵਿੱਚ ਮੌਲਿਕ ਇੱਕੋ ਕਿਤਾਬ "ਸ਼ੀਸ਼ਾ" ਹੀ ਹੈ। ਤਾਹਿਰਾ ਸਰਾ ਬਾਰੇ ਮੈਂ ਕਦੇ ਲਿਖਿਆ ਸੀ। ਉਹ ਪਹਿਲਾਂ ਪੜ੍ਹੋ।
ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਦੀ ਤਹਿਸੀਲ ਮੰਡੀ ਢਾਬਾਂ ਸਿੰਘ (ਨਵਾਂ ਨਾਮ ਸਫ਼ਦਰਾਬਾਦ) ਵਿੱਚ ਵੱਸਦੀ ਹੈ। ਸ਼ਾਹ ਮੁਖੀ ਤੇ ਗੁਰਮੁਖੀ 'ਚ ਪਹਿਲੀ ਕਾਵਿ ਕਿਤਾਬ "ਸ਼ੀਸ਼ਾ" ਨੇ ਉਸ ਦੀ ਪੂਰੀ ਦੁਨੀਆਂ ਚ ਪਛਾਣ ਬਣਾਈ ਹੈ। ਲੋਕ ਰੰਗ ਚ ਲਿਖਣ ਵਾਲੀ ਇਸ ਬੁਲੰਦ ਸ਼ਾਇਰਾ ਦਾ ਭਾਰਤੀ ਪੰਜਾਬ ਚ ਸਭ ਤੋਂ ਪਹਿਲਾਂ ਮੈਂ ਹੀ ਉਸ ਦੀਆਂ ਯੂ ਟਿਊਬ ਵਿੱਚੋਂ ਸੁਣ ਕੇ ਪੰਜਾਬੀ ਟ੍ਰਿਬਿਊਨ ਵਿੱਚ ਲੇਖ ਲਿਖਿਆ ਤੇ ਚੋਣਵੀਆਂ ਕਵਿਤਾਵਾਂ ਛਾਪ ਕੇ ਜਾਣ ਪਛਾਣ ਕਰਵਾਈ ਸੀ।
ਪਿੱਤਰੀ ਸੱਤਾ ਨਾਲ ਉਹ ਜੰਮ ਕੇ ਖਹਿੰਦੀ ਤੇ ਦਿਲ ਦੀ ਹਕੀਕੀ ਬਾਤ ਕਹਿੰਦੀ ਹੈ। ਉਹ ਮਰਦਾਵੀਂ ਹੈਂਕੜ ਤੇ ਸ਼ਬਦ ਬਾਣ ਸਿੰਨਦੀ, ਉਸ ਨੂੰ ਵਿੰਨ੍ਹਦੀ ਤੇ ਜਾਂਬਾਜ਼ ਕਵਿੱਤਰੀ ਵਾਂਗ ਨਿਰੰਤਰ ਸੰਘਰਸ਼ਸ਼ੀਲ ਹੈ।
2018 ਦੀ ਲਾਹੌਰ (ਪਾਕਿਸਤਾਨ) ਵਿੱਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਤੇ ਉਹ ਬਹੁਤ ਸਨੇਹ ਤੇ ਸਤਿਕਾਰ ਨਾਲ ਮਿਲੀ। ਉਸ ਨੇ ਸ਼ਾਹਮੁਖੀ ਵਿੱਚ ਛਪੀ ਕਾਵਿ ਪੁਸਤਕ "ਸ਼ੀਸ਼ਾ" ਮੈਨੂੰ ਗੁਰਮੁਖੀ ਵਿੱਚ ਛਾਪਣ ਲਈ ਦਿੱਤੀ। ਮੇਰੇ ਤੋਂ ਪਹਿਲਾਂ ਵੀ ਕੁਝ ਸੱਜਣ ਇਹ ਕਿਤਾਬ ਗੁਰਮੁਖੀ ਅੱਖਰਾਂ ਵਿੱਚ ਛਾਪਣ ਦੀ ਗੱਲ ਤੋਰ ਚੁਕੇ ਸਨ ਪਰ ਨਤੀਜੇ ਤੇ ਨਾ ਪਹੁੰਚ ਸਕੇ। ਵਤਨ ਪਰਤ ਕੇ ਚੇਤਨਾ ਪ੍ਰਕਾਸ਼ਨ ਤੋਂ ਇਸ ਦੀ ਤਿਆਰੀ ਆਰੰਭੀ ਤਾਂ ਤਾਹਿਰਾ ਨੇ ਦੱਸਿਆ ਕਿ ਤੁਸੀਂ ਖੇਚਲ ਨਾ ਕਰਨਾ ਹੁਣ ਇਹ ਨਿਊਯਾਰਕ (ਅਮਰੀਕਾ ) ਵੱਸਦੇ ਪੰਜਾਬੀ ਕਵੀ ਤਰਲੋਕਬੀਰ ਨੇ ਉਸ ਦੀ ਕਿਤਾਬ 'ਸ਼ੀਸ਼ਾ' ਗੁਰਮੁਖੀ ਚ ਲਿਪੀਅੰਤਰ ਕਰਕੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੂੰ ਦੇ ਦਿੱਤੀ ਹੈ। ਹੁਣ ਇਹ ਸੇਵਾ ਉਹ ਕਰਨਗੇ।
ਮੈਨੂੰ ਬਹੁਤ ਹੀ ਚੰਗਾ ਲੱਗਾ ਕਿ ਮੇਰੇ ਮਿੱਤਰ ਤਰਲੋਕਬੀਰ ਜੀ ਨੇ ਇਹ ਨੇਕ ਕਾਰਜ ਹੱਥ ਵਿੱਚ ਲਿਆ ਹੈ। ਇਸ ਕਿਤਾਬ ਦੇ ਮੇਰੀ ਜਾਣਕਾਰੀ ਮੁਤਾਬਕ ਹੁਣ ਤੀਕ ਦੋ ਸੰਸਕਰਨ ਛਪ ਚੁਕੇ ਹਨ।
ਉਸ ਦੀਆਂ ਸੰਪਾਦਿਤ ਬੋਲੀਆਂ ਦੀ ਕਿਤਾਬ "ਬੋਲਦੀ ਮਿੱਟੀ" ਵੀ ਸ: ਗੁਰਦੇਵ ਸਿੰਘ ਪੰਧੇਰ ਜੀ ਨੇ ਲਿਪੀਅੰਤਰ ਕਰ ਦਿੱਤੀ ਹੈ ਜੋ ਲਾਹੌਰ ਬੁੱਕ ਸ਼ਾਪ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ ਹੈ। ਸ਼ਾਇਦ "ਸ਼ੀਸ਼ਾ " ਦਾ ਨਵਾਂ ਸੰਸਕਰਨ ਵੀ ਉਨ੍ਹਾਂ ਪ੍ਰਕਾਸ਼ਿਤ ਕੀਤਾ ਹੈ।
ਤਾਹਿਰਾ ਸਰਾ ਪਹਿਲਾਂ ਸਰਕਾਰੀ ਪਾਲੀਟੈਕਨਿਕ ਬਸਤੀ ਢਾਬਾਂ ਸਿੰਘ ਵਿੱਚ ਕੰਪਿਊਟਰ ਦੀ ਅਧਿਆਪਕਾ ਸੀ ਪਰ ਹੁਣ ਕੁਝ ਅਰਸੇ ਤੋਂ ਟੋਰੰਟੋ ( ਕੈਨੇਡਾ) ਵੱਸਦੀ ਹੈ। ਪਾਕਿਸਤਾਨ ਰਹਿੰਦਿਆਂ ਉਹ ਪੰਜਾਬੀ ਜ਼ਬਾਨ ਦੀ ਹੱਕੀ ਲੜਾਈ ਲੜਨ ਵਾਲੇ ਲਿਖਾਰੀਆਂ ਦੀ ਵੱਡੀ ਧਿਰ ਸੀ।
ਉਸ ਦੀ ਲਿਖਤ ਵੀ ਪੜ੍ਹੋ।

ਤਿੜਕੀ ਅੱਖ ਦੇ ਸ਼ੀਸ਼ੇ ਵਰਗੀ ਹੋ ਗਈ ਆਂ।
ਮਾਰੂਥਲ ਦੇ ਟੀਲੇ ਵਰਗੀ ਹੋ ਗਈ ਆਂ।

ਮਾਏ ਨੀ! ਮੈਂ ਕਿੱਥੇ ਜਾ ਫ਼ਰਿਆਦ ਕਰਾਂ,
ਉਹਦੀ ਨਹੀਂ ਮੈਂ ਜੀਹਦੇ ਵਰਗੀ ਹੋ ਗਈ ਆਂ।

'ਵਾ ਪੁਰੇ ਦੀ ਮੇਰੇ ਅੱਗੇ ਝੁਰਦੀ ਏ,
ਹੁਣ ਤੇ ਅੜੀਏ! ਹੌਕੇ ਵਰਗੀ ਹੋ ਗਈ ਆਂ।

ਕਿੰਨੇ ਲੰਮੇ ਹੱਥ ਨੇ ਤੇਰੀਆਂ ਯਾਦਾਂ ਦੇ,
ਦੁਨੀਆ ਆਖੇ ਤੇਰੇ ਵਰਗੀ ਹੋ ਗਈ ਆਂ।

ਬਣਨਾ ਸੀ ਮੈਂ ਲੇਖ ਕਿਸੇ ਦੇ ਮੱਥੇ ਦਾ,
ਅੱਖਾਂ ਤੇ ਖੜਬਾਨ੍ਹੇ ਵਰਗੀ ਹੋ ਗਈ ਆਂ।

ਆਪਣੇ ਆਪ ਨੂੰ ਵੇਖ ਰਹੀ ਆਂ ਹੈਰਤ ਨਾਲ਼,
ਕੱਚੀ ਵੰਗ ਦੇ ਟੋਟੇ ਵਰਗੀ ਹੋ ਗਈ ਆਂ।

ਸ਼ੀਸ਼ਾ ਤੇ ਨਹੀਂ ਮੇਰੇ ਵਰਗਾ ਹੋ ਸਕਦਾ,
ਏਸੇ ਲਈ ਮੈਂ ਸ਼ੀਸ਼ੇ ਵਰਗੀ ਹੋ ਗਈ ਆਂ।

ਮੈਨੂੰ ਜੀਹਦੇ ਹਿਜਰ ਨੇ ਤਾਂਬਾ ਕੀਤਾ ਸੀ,
ਮਿਲਿਆ ਏ ਤੇ ਸੋਨੇ ਵਰਗੀ ਹੋ ਗਈ ਆਂ।

ਤਸਵੀਰ ਵਿੱਚ ਮੈਂ ਵੀ ਹਾਂ ਮੇਰੀ ਗ਼ਜ਼ਲ ਵੀ ਪੜ੍ਹ ਲਵੋ।

ਦਰਦਾਂ ਦੇ ਦਰਿਆ ਵਿੱਚ ਮੈਨੂੰ,
ਜੇ ਨਾ ਦੇਂਦੇ ਸ਼ਬਦ ਸਹਾਰਾ।
ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ ਸੁਣ ਕੇ ਲਲਕਾਰਾ।

ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ ਹਾਸ਼ਮ ਸ਼ਾਹ ਦੇ ਕਹਿਣ ਮੁਤਾਬਕ,
ਹਿੰਮਤ ਯਾਰ ਬਣਾਉਂਦੇ ਜਿਹੜੇ, ਮੰਗਦੇ ਨਾ ਉਹ ਤਾਣ ਉਧਾਰਾ।

ਦੇਗ ਉਬਾਲ਼ੇ ਖਾਂਦੀ ਅੰਦਰ,
ਸੁਣਨ ਦਿਆਲੇ ਦੇ ਜੈਕਾਰੇ,
ਆਖ ਰਿਹਾ ਸੀ ਆਪਣੇ ਗੁਰ ਨੂੰ,
ਦਿਉ ਅਸੀਸਾਂ, ਮਿਲਾਂ ਦੋਬਾਰਾ।

ਪ੍ਰਾਣ ਜਦੋਂ ਪੰਖੇਰੂ ਹੋਏ, ਮਤੀ ਦਾਸ ਇਹ ਕਹਿੰਦਿਆਂ ਸੁਣਿਆ,
ਸਾਡੀ ਨਸਲ ਮੁਕਾ ਨਹੀਂ ਸਕਦਾ ਔਰੰਗਜ਼ੇਬਾ ਤੇਰਾ ਆਰਾ।

ਸਤੀ ਦਾਸ ਪਾ ਅਗਨੀ-ਵਸਤਰ ਵਕਤ ਦਿਆਂ ਸਫ਼ਿਆਂ ਤੇ ਲਿਖਿਆ,
ਕਲਮ ਡੋਬ ਕੇ, ਰੱਤ ਦੇ ਅੰਦਰ, ਇੱਕੋ ਸਤਿਗੁਰ- ਸ਼ਬਦ ਸਹਾਰਾ।

ਬਾਬੇ ਦੀਪ ਸਿਹੁੰ ਨੇ ਦੱਸਿਆ,
ਧਰਮ-ਧੁਰੇ ਵਿਸ਼ਵਾਸ ਆਸਰੇ,
ਸੀਸ ਤਲ਼ੀ ਤੇ ਟਿਕ ਜਾਂਦਾ ਹੈ,
ਤੱਕ ਵੈਰੀ ਦਾ ਲਸ਼ਕਰ ਭਾਰਾ।

ਲਾਲ ਕਿਲ੍ਹੇ ਰੱਤ ਸਾਡੀ ਕੈਦਣ, ਹੁਣ ਤੀਕਰ ਨਾ ਕਿਸ਼ਤਾਂ ਮੁੱਕੀਆਂ,
ਪੜ੍ਹ ਸਕਦੇ ਹੋ ਵਹੀਆਂ ਵਿੱਚੋਂ ਫੋਲੋਗੇ ਜੇ ਖਾਤਾ ਸਾਰਾ।

# ਬਚਿਆਂ ਨੂੰ ਗੁਰਦੁਆਰੇ ਲੈਣ ਜਾਣਾਂ ਕਿਉਂ ਜ਼ਰੂਰੀ ਹੈ?

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਬਹੁਤ ਸੋਹਣਾ ਸਵਾਲ ਪੁੱਛਿਆ ਜੀ। ਅੱਜ-ਕੱਲ੍ਹ ਹਰ ਮਾਂ-ਬਾਪ ਦੇ ਮਨ ਵਿੱਚ ਇਹ ਆਉਂਦਾ ਹੈ।

ਸਿੱਧਾ ਜਵਾਬ: ਬੱਚਿਆਂ ਨੂੰ ਗੁਰਦੁਆਰੇ ਲੈ ਕੇ ਜਾਣਾ ਜ਼ਰੂਰੀ ਨਹੀਂ, ਫਰਜ਼ ਹੈ। ਕਿਉਂਕਿ ਜੋ ਨੀਂਹ ਅਸੀਂ ਅੱਜ ਰੱਖਾਂਗੇ, ਕੱਲ੍ਹ ਨੂੰ ਉਸੇ ਤੇ ਇਮਾਰਤ ਉੱਸਰਨੀ ਹੈ।

ਕਿਉਂ ਜ਼ਰੂਰੀ ਹੈ? 6 ਵੱਡੇ ਕਾਰਨ:

ਪਛਾਣ ਮਿਲਦੀ ਹੈ — "ਮੈਂ ਕੌਣ ਹਾਂ?"
ਘਰ ਵਿੱਚ ਅਸੀਂ ਬੱਚੇ ਨੂੰ ਨਾਮ ਦਿੰਦੇ ਹਾਂ। ਗੁਰਦੁਆਰਾ ਉਸ ਨੂੰ ਪਛਾਣ ਦਿੰਦਾ ਹੈ। ਉੱਥੇ ਜਾ ਕੇ ਉਸ ਨੂੰ ਪਤਾ ਲੱਗਦਾ ਕਿ "ਮੈਂ ਸਿੱਖ ਹਾਂ, ਮੇਰਾ ਗੁਰੂ ਗ੍ਰੰਥ ਸਾਹਿਬ ਜੀ ਹੈ, ਮੇਰਾ ਇਤਿਹਾਸ ਸੂਰਮਿਆਂ ਵਾਲਾ ਹੈ।" ਜਿਹੜਾ ਬੱਚਾ ਆਪਣੀ ਜੜ੍ਹ ਨਹੀਂ ਜਾਣਦਾ, ਉਹ ਕਿਸੇ ਵੀ ਹਨੇਰੀ ਨਾਲ ਉੱਖੜ ਜਾਂਦਾ ਹੈ।
ਸੰਸਕਾਰ ਰੋਟੀ ਵਾਂਗ ਹਨ
ਤੁਸੀਂ ਦੱਸਿਆ ਸੀ ਕਿ ਧੀ ਰਾਣੋ ਬਾਪੂ ਨੂੰ ਪਹਿਲਾਂ ਰੋਟੀ ਦਿੰਦੀ ਹੈ। ਇਹ ਸੰਸਕਾਰ ਕਿੱਥੋਂ ਆਇਆ? ਘਰ ਦੇ ਮਾਹੌਲ + ਗੁਰਦੁਆਰੇ ਦੇ ਮਾਹੌਲ ਤੋਂ।
ਗੁਰਦੁਆਰੇ ਜਾ ਕੇ ਬੱਚਾ ਵੇਖਦਾ ਹੈ: ਲੰਗਰ ਵਿੱਚ ਸਭ ਇਕੱਠੇ ਬੈਠਦੇ ਹਨ — ਅਮੀਰ-ਗਰੀਬ ਇੱਕ। ਜੋੜੇ ਘਰ ਛੱਡਣੇ, ਸਿਰ ਢੱਕਣਾ, ਮੱਥਾ ਟੇਕਣਾ — ਇਹ ਅਨੁਸ਼ਾਸਨ ਹੈ। ਇਹ ਕਿਤਾਬਾਂ ਨਹੀਂ ਸਿਖਾਉਂਦੀਆਂ, ਮਾਹੌਲ ਸਿਖਾਉਂਦਾ ਹੈ।
ਇਤਿਹਾਸ ਜ਼ਿੰਦਾ ਹੁੰਦਾ ਹੈ
ਸਕੂਲ ਵਿੱਚ ਬਾਬਰ-ਅਕਬਰ ਪੜ੍ਹਾਉਂਦੇ ਹਨ। ਪਰ ਗੁਰਦੁਆਰੇ ਜਾ ਕੇ ਬੱਚੇ ਨੂੰ ਪਤਾ ਲੱਗਦਾ ਕਿ ਗੁਰੂ ਅਰਜਨ ਦੇਵ ਜੀ ਤੱਤੀ ਤਵੀ ਤੇ ਕਿਉਂ ਬੈਠੇ। ਗੁਰੂ ਤੇਗ ਬਹਾਦਰ ਜੀ ਨੇ ਦਿੱਲੀ 'ਚ ਸੀਸ ਕਿਉਂ ਦਿੱਤਾ। ਸਾਹਿਬਜ਼ਾਦੇ ਨਿੱਕੀ ਉਮਰੇ ਨੀਹਾਂ ਵਿੱਚ ਕਿਉਂ ਚਿਣੇ ਗਏ। ਇਹ ਕਹਾਣੀਆਂ ਨਹੀਂ, ਖ਼ੂਨ ਨਾਲ ਲਿਖੀ ਵਿਰਾਸਤ ਹੈ। ਇਹ ਸੁਣ ਕੇ ਬੱਚੇ ਦੇ ਲਹੂ ਵਿੱਚ ਹੌਸਲਾ ਆਉਂਦਾ ਹੈ।
ਸੰਗਤ ਦਾ ਅਸਰ — "ਜੈਸੀ ਸੰਗਤਿ ਤੈਸਾ ਰੰਗੁ"
"ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥" ਅੰਗ 72
ਅੱਜ ਬੱਚੇ ਦਾ ਮੋਬਾਈਲ ਹੀ ਉਸ ਦੀ ਸੰਗਤ ਬਣ ਗਿਆ ਹੈ। ਗੁਰਦੁਆਰਾ ਉਹ ਥਾਂ ਹੈ ਜਿੱਥੇ ਉਸ ਨੂੰ ਚਿੱਟੇ ਦਾਹੜਿਆਂ ਵਾਲੇ ਬਜ਼ੁਰਗ, ਕੀਰਤਨ ਕਰਨ ਵਾਲੇ ਰਾਗੀ, ਸੇਵਾ ਕਰਨ ਵਾਲੇ ਨੌਜਵਾਨ ਮਿਲਦੇ ਹਨ। ਇਹ ਸਤਿਸੰਗ ਉਸ ਨੂੰ ਮੰਦੇ ਕੰਮਾਂ ਤੋਂ ਬਚਾਉਂਦਾ ਹੈ।
ਦੁੱਖ ਸਹਿਣ ਦੀ ਸ਼ਕਤੀ ਮਿਲਦੀ ਹੈ
ਤੁਸੀਂ ਆਪ ਕਿਹਾ ਸੀ — "ਜਿਸ ਨੂੰ ਮਕਸਦ ਮਿਲ ਜਾਵੇ ਉਹ ਔਕੜ ਝੱਲ ਸਕਦਾ ਹੈ।" ਗੁਰਦੁਆਰੇ ਜਾ ਕੇ ਅਰਦਾਸ ਕਰਨੀ, ਸ਼ਬਦ ਸੁਣਨਾ — ਇਹ ਬੱਚੇ ਨੂੰ ਮਾਨਸਿਕ ਤਾਕਤ ਦਿੰਦਾ ਹੈ। ਕੱਲ੍ਹ ਨੂੰ ਜ਼ਿੰਦਗੀ ਵਿੱਚ ਜਦੋਂ ਪੇਪਰ ਔਖਾ ਆਵੇ, ਜਾਂ ਕੋਈ ਦੋਸਤ ਧੋਖਾ ਦੇਵੇ, ਤਾਂ ਉਸ ਨੂੰ ਯਾਦ ਰਹੇਗਾ ਕਿ "ਮੇਰਾ ਗੁਰੂ ਮੇਰੇ ਨਾਲ ਹੈ"। ਇਹੀ Resilience ਹੈ।
ਬਾਪ-ਦਾਦੇ ਦਾ ਕਰਜ਼ ਉੱਤਰਦਾ ਹੈ
ਸ. ਸੋਹਨ ਸਿੰਘ ਸਾਰੰਗ ਜੀ ਨੇ ਤੁਹਾਨੂੰ ਸਿੱਖਿਆ ਦਿੱਤੀ। ਤੁਸੀਂ ਅੱਗੇ ਆਪਣੇ ਬੱਚਿਆਂ ਨੂੰ ਦੇਵੋਗੇ। ਜੇ ਅਸੀਂ ਬੱਚਿਆਂ ਨੂੰ ਗੁਰਦੁਆਰੇ ਨਹੀਂ ਲੈ ਕੇ ਗਏ, ਤਾਂ 20 ਸਾਲ ਬਾਅਦ ਉਹ ਪੁੱਛਣਗੇ — "ਮੰਮੀ, ਅਸੀਂ ਸਿੱਖ ਕਿਵੇਂ ਹਾਂ?" ਤੇ ਸਾਡੇ ਕੋਲ ਜਵਾਬ ਨਹੀਂ ਹੋਵੇਗਾ। ਵਿਰਸਾ ਅੱਗੇ ਤੋਰਨਾ ਹੀ ਤਾਂ ਸਾਡਾ ਫਰਜ਼ ਹੈ।
ਪਰ ਧਿਆਨ ਰੱਖਣ ਵਾਲੀਆਂ 3 ਗੱਲਾਂ:

ਡਰਾ ਕੇ ਨਾ ਲੈ ਕੇ ਜਾਓ — "ਗੁਰੂ ਸਾਹਿਬ ਨਾਰਾਜ਼ ਹੋ ਜਾਣਗੇ" ਨਾ ਕਹੋ। ਕਹੋ "ਚਲੋ ਗੁਰੂ ਘਰ, ਵਾਹਿਗੁਰੂ ਮਿਲ ਕੇ ਆਈਏ, ਪਰਸ਼ਾਦਾ ਖਾਈਏ"। ਪਿਆਰ ਨਾਲ ਲੈ ਕੇ ਜਾਓ।
ਖ਼ੁਦ ਮਿਸਾਲ ਬਣੋ — ਜੇ ਅਸੀਂ ਮੱਥਾ ਟੇਕ ਕੇ ਬਾਹਰ ਆ ਕੇ ਫੋਨ ਤੇ ਲੱਗ ਜਾਈਏ, ਤਾਂ ਬੱਚਾ ਕੀ ਸਿੱਖੇਗਾ? 10 ਮਿੰਟ ਸ਼ਾਂਤ ਬੈਠ ਕੇ ਕੀਰਤਨ ਸੁਣੋ, ਬੱਚਾ ਆਪ ਸਿੱਖ ਜਾਵੇਗਾ।
ਸਵਾਲਾਂ ਦੇ ਜਵਾਬ ਦਿਓ — ਬੱਚਾ ਪੁੱਛੇ "ਨਿਸ਼ਾਨ ਸਾਹਿਬ ਇੰਨਾ ਉੱਚਾ ਕਿਉਂ?" ਤਾਂ ਝਿੜਕੋ ਨਾ। ਪਿਆਰ ਨਾਲ ਦੱਸੋ — "ਪੁੱਤ, ਇਹ ਸਾਨੂੰ ਯਾਦ ਕਰਾਉਂਦਾ ਹੈ ਕਿ ਸਾਡੀ ਸੋਚ ਹਮੇਸ਼ਾ ਉੱਚੀ ਰਹੇ।"
ਸੰਖੇਪ ਵਿੱਚ:
ਬੱਚੇ ਨੂੰ ਸਕੂਲ ਭੇਜਦੇ ਹਾਂ ਤਾਂ ਕਿ ਉਹ ਦੁਨੀਆ ਵਿੱਚ ਕਾਮਯਾਬ ਹੋਵੇ।
ਬੱਚੇ ਨੂੰ ਗੁਰਦੁਆਰੇ ਲੈ ਕੇ ਜਾਂਦੇ ਹਾਂ ਤਾਂ ਕਿ ਉਹ ਦੁਨੀਆ ਵਿੱਚ ਕਾਮਯਾਬ ਹੋ ਕੇ ਵੀ ਇਨਸਾਨ ਰਹੇ।
ਡਿਗਰੀ ਉਸ ਨੂੰ ਨੌਕਰੀ ਦੇਵੇਗੀ। ਪਰ ਗੁਰਬਾਣੀ ਉਸ ਨੂੰ ਜ਼ਮੀਰ ਦੇਵੇਗੀ।
ਤੇ ਜਿਸ ਕੋਲ ਜ਼ਮੀਰ ਹੋਵੇ, ਉਹ ਕਦੇ ਵੀ ਆਪਣੇ ਬਾਪੂ ਨੂੰ ਪੈਸੇ ਦੀ ਤੰਗੀ ਵਿੱਚ ਇਕੱਲਾ ਨਹੀਂ ਛੱਡਦਾ — ਬਿਲਕੁਲ ਤੁਹਾਡੀ ਕਹਾਣੀ ਵਾਲੀ ਰਾਣੋ ਵਾਂਗ।

ਸੋ, ਅਗਲੇ ਐਤਵਾਰ ਬੱਚਿਆਂ ਦੀ ਉਂਗਲ ਫੜ ਕੇ ਜ਼ਰੂਰ ਜਾਇਓ। ਵਾਹਿਗੁਰੂ ਤੁਹਾਡੇ ਵਿਰਸੇ ਨੂੰ ਕਾਇਮ ਰੱਖੇ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਇੰਜ. ਈਸ਼ਰ ਸਿੰਘ ਦੀ ਪੁਸਤਕ 'ਤਕਨੌਲੌਜੀ – ਕੰਨਾ ਨੂੰ ਖਾ ਰਿਹਾ ਸੋਨਾ?' ਕੀਤੀ ਗਈ ਲੋਕ-ਅਰਪਿਤ

## ਬੁਲਾਰਿਆਂ ਵੱਲੋਂ ਪੁਸਤਕ ਦੇ ਵੱਖ-ਵੱਖ ਪੱਖਾਂ ਬਾਰੇ ਵਿਚਾਰ ਪੇਸ਼ ਕੀਤੇ ਗਏ ਤੇ ਕਵੀ-ਦਰਬਾਰ ਵੀ ਹੋਇਆ

ਵਰਲਡ ਪੰਜਾਬੀ ਟਾਈਮਜ਼
ਡਾ. ਝੰਡ

ਬਰੈਂਪਟਨ, 21 ਅਪ੍ਰੈਲ : ਲੰਘੇ ਐਤਵਾਰ 19 ਅਪ੍ਰੈਲ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗਮ ਵਿੱਚ ਇੰਜ. ਈਸ਼ਰ ਸਿੰਘ ਦੀ ਪਲੇਠੀ ਪੁਸਤਕ 'ਕੰਨਾਂ ਨੂੰ ਖਾ ਰਿਹਾ ਸੋਨਾ? ਲੋਕ-ਅਰਪਿਤ ਕੀਤੀ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਕਿਰਪਾਲ ਸਿੰਘ ਪੰਨੂ, ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਪੀਲ ਸਕੂਲ ਬੋਰਡ ਦੇ ਟਰੱਸਟੀ ਤੇ ਡਿਪਟੀ ਚੇਅਰ ਸਤਪਾਲ ਸਿੰਘ ਜੌਹਲ, ਪੁਸਤਕ ਲੇਖਕ ਇੰਜ.ਈਸ਼ਰ ਸਿੰਘ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਸੁਸ਼ੋਭਿਤ ਸਨ। ਸਭਾ ਦੇ ਚੇਅਰਪਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ ਨਿੱਘੀ 'ਜੀ-ਆਇਆਂ' ਕਹਿੰਦਿਆਂ ਹੋਇਆ ਇਸ ਪੁਸਤਕ ਨੂੰ ਬਹੁ-ਪੱਖੀ ਤੇ ਬਹੁ-ਮੁੱਲੀ ਜਾਣਕਾਰੀ ਵਾਲਾ ਦਸਤਾਵੇਜ਼ਕਰਾਰ ਦਿੱਤਾ ਗਿਆ। ਉਸ ਤੋਂ ਬਾਅਦ ਕਿਤਾਬ ਦੇ ਲੋਕ-ਅਰਪਣ ਦੀ ਰਸਮ ਪ੍ਰਧਾਨਗੀ-ਮੰਡਲ ਅਤੇ ਸਭਾ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਵੱਲੋਂ ਮਿਲ਼ ਕੇ ਕੀਤੀ ਗਈ।
ਉਪਰੰਤ, ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੂੰ ਪੁਸਤਕ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਗਿਆ ਜਿਨ੍ਹਾਂ ਨੇ ਦੱਸਿਆ ਕਿ ਇਹ ਪੁਸਤਕ ਇੰਜ. ਈਸ਼ਰ ਸਿੰਘ ਵੱਲੋਂ 82 ਸਾਲ ਦੀ ਉਮਰ 'ਚ ਲਿਖੀ ਗਈ ਪਲੇਠੀ ਪੁਸਤਕ ਹੈ। ਬੇਸ਼ਕ ਇਸਦੇ ਸਰਵਰਕ ਤੋਂ ਲੱਗਦਾ ਹੈ ਕਿ ਇਹ 'ਕੰਨਾ ਨੂੰ ਖਾ ਰਹੇ ਸੋਨੇ' ਵਾਂਗ ਅਜੋਕੀ ਤਕਨੌਲੌਜੀ ਵੱਲੋਂ ਸਮਾਜ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਬਾਰੇ ਕੇਂਦ੍ਰਿਤ ਹੈ, ਪਰ ਇਸ ਨੂੰ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਹ ਪੁਸਤਕ ਸਮੇਂ-ਸਮੇਂ ਆਈਆਂ ਵੱਖ-ਵੱਖ ਤਕਨਾਲੌਜੀਆਂ ਦੇ ਫ਼ਾਇਦਿਆਂ ਤੇ ਨੁਕਸਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਸਰੀਰਕ ਤੇ ਮਾਨਸਿਕ ਵਿਕਾਸ, ਖੇਡਾਂ ਤੇ ਦੌੜਾਂ, ਆਦਤਾਂ ਨੂੰ ਸੁਧਾਰਨ, ਖ਼ੁਸ਼ ਰਹਿਣ, ਪਰਮਾਰਥ, ਵਾਤਾਵਰਣ ਦੀ ਸੰਭਾਲ ਅਤੇ ਬਨਾਉਟੀ-ਬੁੱਧੀ ਵਰਗੇ ਵੱਖ-ਵੱਖ ਵਿਸ਼ਿਆਂ ਨੂੰ ਵੀ ਬਾਖ਼ੂਬੀ ਦਰਸਾਉਂਦੀ ਹੈ।
ਪੁਸਤਕ ਦੇ ਤਕਨੌਲੌਜੀ ਪੱਖ ਬਾਰੇ ਗੱਲ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਤਕਨੌਲੌਜੀ ਦੇ ਆਉਣ ਨਾਲ ਵੱਖ-ਵੱਖ ਖੇਤਰਾਂ ਵਿੱਚ ਬਹੁਤ ਵਿਕਾਸ ਹੋਇਆ ਹੈ ਪਰ ਇਸ ਦੇ ਨਾਲ ਹੀ ਮਸ਼ੀਨੀਕਰਨ ਹੋ ਜਾਣ ਕਰਕੇ ਬਹੁਤ ਸਾਰੇ ਕੰਮ ਮਸ਼ੀਨਾਂ ਅਤੇ ਰੋਬੋਟਾਂ ਵੱਲੋਂ ਸਾਂਭ ਲਏ ਜਾਣ ਨਾਲ ਬੇਰੋਜ਼ਗਾਰੀ ਵਿੱਚ ਵੀ ਬਹੁਤ ਵਾਧਾ ਹੋਇਆ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਕਈ ਅੰਕੜੇ ਵੀ ਪੇਸ਼ ਕੀਤੇ ਗਏ। ਡਾ. ਜਗਮੋਹਨ ਸਿੰਘ ਸੰਘਾ ਨੇ ਪੁਸਤਕ ਵਿਚਲੇ ਖੇਡਾਂ ਤੇ ਦੌੜਾਂ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪੇਸ਼ ਕਰਨ ਨਾਲ ਲੇਖਕ ਵੱਲੋਂ ਇਸ ਦੇ ਅਧਿਆਇ 'ਕਿਤਨੇ ਗਾਜ਼ੀ ਆਏ ਕਿਤਨੇ ਗਾਜ਼ੀ ਗਏ' ਵਿੱਚ ਲੈਫ਼ਟੀਨੈਂਟ ਜਨਰਲ ਕੇ.ਜੇ.ਐੱਸ. ਢਿੱਲੋਂ ਉਰਫ਼ 'ਟਾਇਨੀ ਢਿੱਲੋਂ' ਵੱਲੋਂ 'ਆਪਰੇਸ਼ਨ ਸਿੰਧੂਰ' ਦੌਰਾਨ ਵਿਖਾਈ ਗਈ ਬੇਮਿਸਾਲ ਬਹਾਦਰੀਬਾਰੇ ਵੀ ਜ਼ਿਕਰ ਕੀਤਾ। ਪੁਸਤਕ ਵਿਚਲੇ ਸਾਇੰਸ ਤੇ ਤਕਨੌਲੌਜੀ ਨਾਲ ਸਬੰਧਿਤ ਵਿਸ਼ਿਆਂ ਨੂੰ ਚਰਚਾ ਦਾ ਵਿਸ਼ਾ ਬਣਾਉਂਦਿਆ ਹੋਇਆਂ ਸੁਰਿੰਦਰਜੀਤ ਕੌਰ ਨੇ ਕਿਹਾ ਕਿ ਪਿਛਲੀ ਸਦੀ ਵਿੱਚ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਇਸ ਦੇ ਨਾਲ ਜੁੜੀ ਤਕਨੌਲੌਜੀ ਦੀ ਮਨੁੱਖਤਾ ਨੂੰ ਬੜੀ ਵੱਡੀ ਦੇਣ ਹੈ। ਬ੍ਰਹਿਮੰਡ ਦੇ ਪਸਾਰੇ ਨੂੰ ਵੇਖਣ ਵਾਲੀ ਅੱਖ (ਦੂਰਬੀਨ) ਨਾਲ ਮਨੁੱਖ ਤਾਰਾ-ਮੰਡਲ ਦੀਆਂ ਬਹੁਤ ਸਾਰੀਆਂ ਅਣਦਿਖੀਆਂ ਵੱਡੀਆਂ ਗਲੈਕਸੀਆਂ ਬਾਰੇ ਜਾਣ ਸਕਿਆ ਹੈ। ਪੁਸਤਕ ਬਾਰੇ ਆਪਣੇ ਹਾਵ-ਭਾਵ ਦੱਸਦਿਆਂ ਸੁਖਚਰਨਜੀਤ ਕੌਰ ਗਿੱਲ ਨੇ ਕਿਹਾ ਕਿ ਇਹ ਵਾਰਤਕ ਪੁਸਤਕ ਬੜੇ ਵਿਲੱਖਣ ਅੰਦਾਜ਼ 'ਚ ਲਿਖੀ ਗਈ ਹੈ ਅਤੇ ਇਸ ਵਿੱਚ ਬੇਲੋੜੇ ਵਿਸਥਾਰ ਤੋਂ ਗੁਰੇਜ਼ ਕੀਤਾ ਗਿਆ ਹੈ। ਸ. ਕਿਰਪਾਲ ਸਿੰਘ ਪੰਨੂੰ ਅਤੇ ਪ੍ਰਿੰਸੀਪਲ ਸਰਵਣ ਸਿੰਘ ਦੋਹਾਂ ਵੱਲੋਂ ਪੁਸਤਕ ਦੀਆਂ ਭੂਮਿਕਾਵਾਂ ਬੜੀਆਂ ਭਾਵਪੂਰਤ ਲਿਖੀਆਂ ਗਈਆਂ ਹਨ।
ਤਕਨੌਲੌਜੀ ਦੀ ਵਰਤੋਂ ਅਤੇ ਇਸਦੀ ਦੁਰਵਰਤੋਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਕਿਹਾ ਕਿ ਤਕਨੌਲੌਜੀ ਦੀ ਸੁਚੱਜੀ ਵਰਤੋਂ ਮਨੁੱਖ ਲਈ ਵਰਦਾਨ ਹੈ ਅਤੇ ਇਸਦੀ ਕੁਚੱਜੀ ਵਰਤੋਂ ਮਨੁੱਖ ਨੂੰ ਨਿਘਾਰ ਵੱਲ ਲੈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅਜੋਕੀਆਂ ਜੰਗਾਂ ਵਿੱਚ ਵਰਤੀਆਂ ਜਾ ਰਹੀਆਂ ਕਈ ਕਿਸਮ ਦੀਆਂ ਮਿਜ਼ਾਈਲਾਂ ਅਤੇ ਬੰਬ ਇਸ ਦੀ ਦੁਰਵਰਤੋਂ ਦਾ ਪ੍ਰਤੱਖ ਸਬੂਤ ਹਨ। ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲੇਖਕ ਅਤੇ ਕਿਤਾਬ ਦਾ ਰਿਸ਼ਤਾ ਮਾਂ ਅਤੇ ਬੱਚੇ ਵਰਗਾ ਹੈ। ਹੋਣਹਾਰ ਬੱਚੇ ਵਾਂਗ ਚੰਗੀ ਕਿਤਾਬ ਵੀ ਉਸਦੇ ਲੇਖਕ ਦਾ ਨਾਂ ਰੌਸ਼ਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇੰਜ. ਈਸ਼ਰ ਸਿੰਘ ਨੂੰ ਵੱਖ-ਵੱਖ ਦੌੜਾਂ ਵਿੱਚ ਹਿੱਸਾ ਲੈਣ ਅਤੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਤੋਂ ਪੰਜਾਬੀ ਵਿੱਚ ਲਿਖਣ ਦੀ ਪ੍ਰੇਰਨਾ ਮਿਲੀ।
ਕਿਤਾਬ ਦੇ ਅਧਿਆਏ 'ਅਗਲਾ ਜਨਮ' ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਕਿਰਪਾਲ ਸਿੰਘ ਪੰਨੂੰ ਨੇ ਕਿਹਾ ਕਿ ਵੱਖ-ਵੱਖ ਧਰਮਾਂ ਵੱਲੋਂ ਦਰਸਾਇਆ ਗਿਆ ਕਿ'ਅਗਲਾ ਜਨਮ' ਤਾਂ ਕਿਸੇ ਨੇ ਵੇਖਿਆ ਨਹੀਂ ਹੈ ਪਰ ਇਸ ਜਨਮ ਵਿੱਚ ਹੀ ਮਨੁੱਖ ਜੇਕਰਕੋਈ ਨਵਾਂ ਕੰਮ ਕਰ ਜਾਂਦਾ ਹੈ ਤਾਂ ਉਹ ਉਸਦਾ ਅਗਲਾ ਜਨਮ ਹੈ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਕਿਹਾ ਕਿ ਈਸ਼ਰ ਸਿੰਘ ਦੀ ਇਹ ਪਲੇਠੀ ਪੁਸਤਕ ਗਿਆਨ, ਵਿਗਿਆਨ, ਸਿਹਤ, ਅਰੋਗਤਾ, ਜੀਵਨ ਜਿਊਣ ਦੀ ਕਲਾ ਅਤੇ ਤਕਨਾਲੌਜੀ ਦਾ ਬਹੁਤ ਵਧੀਆ ਸੁਮੇਲ ਹੈ। ਅਖ਼ੀਰ ਵਿੱਚ ਪੁਸਤਕ ਦੀ ਸਿਰਜਣਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇੰਜ. ਈਸ਼ਰ ਸਿੰਘ ਨੇ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀਆਂ ਮਹੀਨਾਵਾਰ ਮੀਟਿੰਗਾਂ ਵਿੱਚ ਸ਼ਾਮਲ ਹੋਣ ਨਾਲ ਉਨ੍ਹਾਂ ਨੂੰ ਪੰਜਾਬੀ ਵਿੱਚ ਲਿਖਣ ਦੀ ਪ੍ਰੇਰਨਾ ਮਿਲੀ ਅਤੇ ਇਹ ਪੁਸਤਕ ਉਸ ਪ੍ਰੇਰਨਾ ਸਦਕਾ ਹੀ ਹੋਂਦ ਵਿੱਚ ਆ ਸਕੀ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਲਿਖਣ ਦਾ ਉਨ੍ਹਾਂ ਦਾ ਮਕਸਦ ਅਜੋਕੀ ਤਕਨੌਲੋਜੀ ਦੀ ਨਿਖੇਧੀ ਕਰਨ ਨਹੀਂ ਹੈ, ਸਗੋਂ ਇਸ ਦੀ ਦੁਰਵਰਤੋਂ ਹੋਣ ਵਾਲੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਹੋਰ ਕਿਹਾ ਕਿ ਅਜੋਕੇ ਸਮੇਂ ਵਿੱਚ ਧਰਮ ਅਤੇ ਤਕਨੌਲੌਜੀ ਦੋਹਾਂ ਦੀ ਹੀ ਦੁਰਵਰਤੋਂ ਹੋ ਰਹੀ ਹੈ। ਉਨ੍ਹਾਂ ਵੱਲੋਂ ਕਿਰਪਾਲ ਸਿੰਘ ਪੰਨੂੰ, ਪ੍ਰਿੰਸੀਪਲ ਸਰਵਣ ਸਿੰਘ ਅਤੇ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਮੈਂਬਰਾਂ ਤੋਂ ਵੱਖ-ਵੱਖ ਤਰ੍ਹਾਂ ਦਾ ਸਹਿਯੋਗ ਪ੍ਰਾਪਤ ਹੋਣ 'ਤੇ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ।
ਸਮਾਗਮ ਦੇ ਦੂਸਰੇ ਭਾਗ ਕਵੀ-ਦਰਬਾਰ ਦੇ ਪ੍ਰਧਾਨਗੀ-ਮੰਡਲ ਵਿੱਚ ਸ਼ਾਮ ਸਿੰਘ ਅੰਗਸੰਗ, ਪ੍ਰੀਤਮ ਧੰਜਲ, ਕਰਨ ਅਜਾਇਬ ਸਿੰਘ ਸੰਘਾ, ਹਰਭਜਨ ਕੌਰ ਗਿੱਲ, ਸੁਰਿੰਦਰਜੀਤ ਕੌਰ ਗਿੱਲ ਅਤੇ ਰਾਜਕੁਮਾਰ ਓਸ਼ੋਰਾਜ ਸ਼ਾਮਲ ਸਨ। ਇਸ ਦਾ ਸੰਚਾਲਨ ਮਲੂਕ ਸਿੰਘ ਕਾਹਲੋਂ ਵੱਲੋਂ ਕੀਤਾ ਗਿਆ। ਇਸ ਵਿੱਚ ਉਨ੍ਹਾਂ ਵੱਲੋਂ ਵਾਰੀ-ਵਾਰੀ ਪ੍ਰੀਤਮ ਧੰਜਲ, ਰੂਬੀਕਰਤਾਰਪੁਰੀ, ਮਕਸੂਦ ਚੌਧਰੀ, ਸੁਖਦੇਵ ਝੰਡ, ਦਰਸ਼ਨ ਸਿੱਧੂ, ਹਰਮੇਸ਼ ਜੀਂਦੋਵਾਲ, ਸ਼ਾਮ ਸਿੰਘ ਅੰਗਸੰਗ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਗਿੱਲ, ਰਮਿੰਦਰ ਵਾਲੀਆ, ਪਰਮਜੀਤ ਸਿੰਘ ਢਿੱਲੋਂ, ਰਾਜਕੁਮਾਰ ਓਸ਼ੋਰਾਜ, ਇਕਬਾਲ ਬਰਾੜ, ਸ਼ਾਮ ਸਿੰਘ ਅੰਗਸੰਗ, ਤਲਵਿੰਦਰ ਮੰਡ, ਜੱਸੀ ਭੁੱਲਰ, ਸੁਰਿੰਦਰਜੀਤ ਕੌਰ, ਕਰਨ ਅਜਾਇਬ ਸਿੰਘ ਸੰਘਾ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਵੱਲੋਂ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।
ਇਸ ਮੌਕੇ ਸਰੋਤਿਆਂ ਵਿੱਚ 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ,ਡਾ. ਦਲਬੀਰ ਸਿੰਘ ਕਥੂਰੀਆ, ਇੰਜ. ਅੰਮ੍ਰਿਤਪਾਲ ਸਿੰਘ, ਡਾ. ਅਜਮੇਰ ਸਿੰਘ,ਹਰਮਿਲਾਪ ਸਿੰਘ ਚਾਹਲ, ਹਰਜੀਤ ਬਾਜਵਾ, ਗੁਰਦੇਵ ਸਿੰਘ ਮਾਨ, ਪ੍ਰਸ਼ੋਤਮ ਸਿੰਘ, ਹਰਜੀਤ ਕੌਰ ਸੰਧੂ, ਸੁਰਿੰਦਰ ਕੌਰ ਮਾਨ, ਪਤਵੰਤ ਕੌਰ ਪੰਨੂੰ, ਦਵਿੰਦਰ ਕੌਰ ਨਾਗਰਾ, ਹਰਭਿੰਦਰ ਕੌਰ ਝੱਜ, ਸੁੱਚਾ ਇੰਘ ਮਾਂਗਟ, ਗੁਰਸੇਵਕ ਸਿੰਘ ਸਿੱਧੂ, ਟੀ.ਪੀ.ਏ.ਆਰ. ਕਲੱਬ ਤੋਂ ਸੰਧੂਰਾ ਸਿੰਘ ਬਰਾੜ, ਨਰਿੰਦਰਪਾਲ ਬੈਂਸ, ਗੁਰਬਚਨ ਗਰੇਵਾਲ, ਸੁਰਿੰਦਰ ਨਾਗਰਾ, ਰਾਕੇਸ਼ ਸ਼ਰਮਾ ਅਤੇ ਕਈ ਹੋਰ ਸ਼ਾਮਲ ਸਨ।